**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ**

**(ਅਮਲਾ-1 ਸ਼ਾਖਾ)**

**ਹੁਕਮ ਨੰਬਰ:-26/15-2018-ਅਮਲਾ-1(1)**

**ਮਿਤੀ ਐਸ.ਏ.ਐਸ. ਨਗਰ:-09/01/2019**

ਸ਼੍ਰੀ ਸੁਖਦੇਵ ਕੁਮਾਰ, ਬੀ.ਪੀ.ਈ.ਓ. ਈਸਟ-2 (ਜਲੰਧਰ) ਦਾ ਸੇਵਾ ਕਾਲ ਵਿਚ ਸਟੇਟ ਅਵਾਰਡੀ ਹੋਣ ਦੇ ਨਾਤੇ ਮਿਤੀ 1/12/2016 ਤੋਂ 30/11/2017 ਤੱਕ ਸੇਵਾ ਕਾਲ ਵਿਚ ਵਾਧਾ ਦੇਣ ਦੀ ਤਜਵੀਜ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਵਲੋਂ ਜਾਰੀ ਕੀਤੀ ਗਈ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ ਸਿੱਧ ਹੋਣ ਦੀ ਸੂਰਤ ਵਿਚ ਇਸ ਅਧਿਕਾਰੀ ਦੀ ਪੈਨਸ਼ਨ ਵਿਚੋਂ 5% ਕੱਟ ਇੱਕ ਸਾਲ ਲਈ ਲਗਾਉਣ ਲਈ ਹੁਕਮ ਪਾਸ ਕੀਤੇ ਗਏ ਸਨ ਜਿਸ ਦੇ ਸੰਨਮੁੱਖ ਸਰਕਾਰ ਵਲੋਂ ਇਸ ਅਧਿਕਾਰੀ ਦਾ ਸਟੇਟ ਅਵਾਰਡੀ ਹੋਣ ਦਾ ਵਾਧਾ ਰੱਦ ਕਰ ਦਿੱਤਾ ਗਿਆ ਸੀ। ਸ਼੍ਰੀ ਸੁਖਦੇਵ ਕੁਮਾਰ, ਬੀ.ਪੀ.ਈ.ਓ. ਵਲੋਂ ਸਰਕਾਰ ਵਲੋਂ ਜਾਰੀ ਕੀਤੇ ਗਏ ਹੁਕਮਾਂ ਨੂੰ ਸਿਵਲ ਰਿੱਟ ਪਟੀਸ਼ਨ ਨੰਬਰ:-5930/2017 ਅਨੁਸਾਰ ਮਾਨਯੋਗ ਹਾਈ ਕੋਰਟ ਵਿਖੇ ਚੁਣੌਤੀ ਦਿੱਤੀ ਗਈ। ਮਾਨਯੋਗ ਹਾਈ ਕੋਰਟ ਵਲੋਂ ਇਸ ਪਟੀਸ਼ਨ ਵਿਚ ਸਰਕਾਰ ਦੇ ਹੁਕਮਾਂ ਵਿਰੁੱਧ ਸਟੇਅ ਆਰਡਰ ਪਾਸ ਕਰਦੇ ਹੋਏ ਪਟੀਸ਼ਨਰ ਨੂੰ ਸਟੇਟ ਅਵਾਰਡੀ ਹੋਣ ਦੇ ਨਾਤੇ ਇੱਕ ਸਾਲ ਦਾ ਸੇਵਾ ਕਾਲ ਵਿਚ ਵਾਧਾ ਸਮੇਤ ਸਮੁੱਚੇ ਲਾਭ ਦੇਣ ਦੇ ਹੁਕਮ ਪਾਸ ਕਰ ਦਿੱਤੇ ਗਏ। ਇਸ ਉਪਰੰਤ ਇਸ ਅਧਿਕਾਰੀ ਵਲੋਂ ਮਿਤੀ 1/12/2017 ਤੋਂ 30/11/2018 ਤੱਕ ਪਹਿਲੇ ਸਾਲ ਦਾ ਜਨਰਲ ਵਾਧਾ ਦੇਣ ਲਈ ਅਪਲਾਈ ਕੀਤਾ। ਇਸ ਦਫਤਰ ਵਲੋਂ ਇਸ ਅਧਿਕਾਰੀ ਵਲੋਂ ਮੰਗਿਆ ਗਿਆ ਸੇਵਾ ਕਾਲ ਵਿਚ ਜਨਰਲ ਵਾਧਾ ਸਰਕਾਰ ਦੀਆਂ ਹਦਾਇਤਾਂ ਪੱਤਰ ਨੰ:-22/2/2012-3 ਐਫ.ਪੀ.-2/83 ਮਿਤੀ 30, ਅਪ੍ਰੈਲ 2015 ਅਨੁਸਾਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੇ ਪੈਰ੍ਹਾ 02 ਅਤੇ 03 ਅਨੁਸਾਰ ਦਰਜ ਕੀਤੇ ਗਏ ਉਪਬੰਧਾਂ ਦੇ ਸੰਨਮੁੱਖ ਕਵਰ ਨਾ ਹੋਣ ਦੀ ਸੂਰਤ ਵਿਚ ਰੱਦ ਕਰ ਦਿੱਤਾ ਗਿਆ ਸੀ, ਇਸ ਅਧਿਕਾਰੀ ਵਲੋਂ ਇਸ ਮਾਮਲੇ ਸਿਵਲ ਰਿੱਟ ਪਟੀਸ਼ਨ ਨੰਬਰ:- 27648/2017 ਅਨੁਸਾਰ ਮਾਨਯੋਗ ਹਾਈ ਕੋਰਟ ਵਿਖੇ ਚੁਣੌਤੀ ਦਿੱਤੀ ਗਈ। ਇਸ ਕੇਸ ਵਿਚ ਦਾਇਰ ਕੀਤੇ ਜਾਣ ਵਾਲੇ ਜਵਾਬ ਦੀ ਵੈਟਿੰਗ ਦੌਰਾਨ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਦੇ ਦਫਤਰ ਦੇ ਡੀਲਿੰਗ ਹੈਂਡ ਵਲੋਂ ਮੁੱਖ ਦਫਤਰ ਦੇ ਧਿਆਨ ਵਿਚ ਲਿਆਂਦਾ ਕਿ ਇਸ ਅਧਿਕਾਰੀ ਵਿਰੁੱਧ ਸਰਕਾਰ ਵਲੋ ਹੁਕਮ ਨੰਬਰ:-11/28/2006 -3ਸਿ4/571926/4 ਮਿਤੀ 28/05/2015 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ 8 ਅਧੀਨ ਵੱਡੀ ਸਜਾ ਦਿੰਦੇ ਹੋਏ ਇੱਕ ਸਲਾਨਾ ਤਰੱਕੀ ਪੱਕੇ ਤੌਰ ਤੇ (ਭਵਿੱਖੀ ਅਸਰ ਨਾਲ) ਬੰਦ ਕਰਨ ਦੇ ਹੁਕਮ ਪਾਸ ਕੀਤੇ ਗਏ ਸਨ। ਮਾਨਯੋਗ ਹਾਈ ਕੋਰਟ ਵਲੋਂ ਮਿਤੀ 21/02/2018 ਅਨੁਸਾਰ ਪਾਸ ਕੀਤੇ ਗਏ ਹੁਕਮਾਂ ਅਨੁਸਾਰ ਮੁੱਖ ਦਫਤਰ ਵਲੋਂ ਜਾਰੀ ਕੀਤੇ ਗਏ ਸੇਵਾਵਾਲ ਵਿਚ ਵਾਧਾ ਰੱਦ ਕਰਨ ਦੇ ਹੁਕਮਾਂ ਤੇ ਸਟੇਅ ਕਰਦੇ ਹੋਏ ਪਟੀਸ਼ਨਰ ਨੂੰ ਸੇਵਾ ਕਾਲ ਵਿਚ ਮੰਗਿਆ ਗਿਆ ਵਾਧਾ ਸਮੇਤ ਸਾਰੇ ਬਣਦੇ ਲਾਭ ਦੇਣ ਦੇ ਹੁਕਮ ਪਾਸ ਕਰ ਦਿੱਤੇ ਗਏ, ਕਿਉਂਕਿ ਮਾਨਯੋਗ ਅਦਾਲਤ ਪਟੀਸ਼ਨਰ ਵਿਰੁੱਧ ਜਾਰੀ ਕੀਤੀ ਗਈ ਦੋਸ਼ ਸੂਚੀ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਦੇ ਨਿਯਮ 8 ਅਧੀਨ ਜਾਰੀ ਕੀਤੀ ਗਈ ਅਤੇ ਦਿੱਤੀ ਗਈ ਸਜਾ ਕਿ ਪਟੀਸ਼ਨਰ ਦੀ ਪੈਨਸ਼ਨ ਵਿਚੋਂ 5% ਕੱਟ ਇੱਕ ਸਾਲ ਲਈ ਲਗਾਉਣ ਦੇ ਹੁਕਮਾ ਨੂੰ ਮਾਈਨਰ ਸਜਾ ਮੰਨਿਆ ਗਿਆ।

ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਵਲੋਂ ਇਹ ਤਜਵੀਜ ਮੁੱਖ ਦਫਤਰ ਨੂੰ ਭੇਜਦੇ ਸਮੇਂ ਵੀ ਉਕਤ ਅਨੁਸਾਰ ਸਰਕਾਰ ਵਲੋਂ ਦਿੱਤੀ ਗਈ ਵੱਡੀ ਸਜਾ ਦਾ ਮਾਮਲਾ ਪਹਿਲਾਂ ਕਦੇ ਵੀ ਧਿਆਨ ਵਿਚ ਨਹੀਂ ਲਿਆਂਦਾ ਗਿਆ। ਅਤੇ ਨਾ ਸਰਕਾਰ ਵਲੋਂ ਦਿੱਤੀ ਗਈ ਵੱਡੀ ਸਜਾ ਦੇਣ ਸਬੰਧ ਜਾਰੀ ਕੀਤੇ ਗਏ ਹੁਕਮਾਂ ਨੂੰ ਸਮੇਂ ਸਿਰ ਲਾਗੂ ਕਰਦੇ ਹੋਏ ਇਸ ਅਧਿਕਾਰੀ ਦੀ ਲੱਗਣ ਵਾਲੀ ਸਲਾਨਾ ਤਰੱਕੀ ਕੱਟੀ ਗਈ।

ਹੁਣ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਤੋਂ ਪ੍ਰਾਪਤ ਹੋਈ ਤਜਵੀਜ ਅਨੁਸਾਰ ਸ਼੍ਰੀ ਸੁਖਦੇਵ ਕੁਮਾਰ, ਬੀ.ਪੀ.ਈ.ਓ. ਈਸਟ-2 (ਜਲੰਧਰ) ਦਾ ਸੇਵਾ ਕਾਲ ਵਿਚ ਮਿਤੀ 1/12/2018 ਤੋਂ 30/11/2019 ਤੱਕ ਦੂਸਰੇ ਸਾਲ ਦਾ ਜਨਰਲ ਵਾਧੇ ਦਾ ਕੇਸ ਸਰਕਾਰ ਵਲੋਂ ਹੁਕਮ ਨੰਬਰ:- ਨੰਬਰ:-11/28/2006 -3ਸਿ4/571926/4 ਮਿਤੀ 28/05/2015 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ

ਚਲਦਾ ਪੰਨਾਂ...2

8 ਅਧੀਨ ਵੱਡੀ ਸਜਾ ਅਨੁਸਾਰ ਇੱਕ ਸਲਾਨਾ ਤਰੱਕੀ (ਭਵਿੱਖੀ ਅਸਰ ਨਾਲ) ਪੱਕੇ ਤੌਰ ਤੇ ਬੰਦ ਹੋਣ ਕਾਰਨ ਸਰਕਾਰ ਵਲੋਂ ਪੱਤਰ ਨੰਬਰ:-22/2/2012-3 ਐਡ.ਪੀ.-2/83 ਮਿਤੀ 30, ਅਪ੍ਰੈਲ 2015 ਅਨੁਸਾਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੇ ਪੈਰ੍ਹਾ 02 ਅਤੇ 03 ਅਨੁਸਾਰ ਦਰਜ ਕੀਤੇ ਗਏ ਉਪਬੰਧਾਂ ਦੇ ਸੰਨਮੁੱਖ ਕਵਰ ਨਹੀਂ ਹੁੰਦਾ ਹੈ।

ਉਪਰੋਕਤ ਦੇ ਸੰਨਮੁੱਖ ਮੈਂ ਇੰਦਰਜੀਤ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀ ਸੁਖਦੇਵ ਕੁਮਾਰ, ਬੀ.ਪੀ.ਈ.ਓ. ਈਸਟ-2 (ਜਲੰਧਰ) ਵਲੋਂ ਮੰਗਿਆ ਗਿਆ ਮਿਤੀ 1/12/2018 ਤੋਂ 30/11/2019 ਤੱਕ ਦੂਸਰੇ ਸਾਲ ਦਾ ਸੇਵਾ ਕਾਲ ਵਿਚ ਜਨਰਲ ਵਾਧੇ ਦਾ ਕੇਸ ਰੱਦ ਕਰਦਾ ਹਾਂ।

ਇੰਦਰਜੀਤ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ

ਪਿੱਠ ਅੰਕਣ ਨੰਬਰ:-ਉਕਤ 86 ਮਿਤੀ ਐਸ.ਏ.ਐਸ. ਨਗਰ 9/1/19

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਨੂੰ ਉਹਨਾਂ ਦੇ ਪੱਤਰ ਨੰਬਰ:-ਅ-4/1090/2018-13315 ਮਿਤੀ 17/10/2018 ਦੇ ਹਵਾਲੇ ਵਿਚ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਅਧਿਕਾਰੀ ਨੂੰ ਰਲੀਵ ਕਰਨ ਤੋਂ ਪਹਿਲਾਂ ਸਬੰਧਤ ਦਫਤਰ ਦਾ ਸਮੁੱਚਾ ਚਾਰਜ ਕਿਸੇ ਨਾਲ ਲੱਗਦੇ ਬੀ.ਪੀ.ਈ.ਓ. ਮੁਕੰਮਲ ਰੂਪ ਵਿਚ ਟੇਕ ਓਵਰ ਕਰਵਾਇਆ ਜਾਵੇ ਅਤੇ ਇਸ ਅਧਿਕਾਰੀ ਨੂੰ ਤੁਰੰਤ ਰਲੀਵ ਕੀਤਾ ਜਾਵੇ। ਪਾਲਣਾ ਰਿਪੋਰਟ 02 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਪੇਸ਼ ਕੀਤੀ ਜਾਵੇ।
2. ਮਹਾਂਲੇਖਾਕਾਰ,ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਜਲੰਧਰ।
4. ਬੀ.ਪੀ.ਈ.ਓ. ਈਸਟ-2 (ਜਲੰਧਰ)
5. ਸ਼੍ਰੀ ਸੁਖਦੇਵ ਕੁਮਾਰ, ਬੀ.ਪੀ.ਈ.ਓ. ਦਫਤਰ ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਈਸਟ-2 (ਜਲੰਧਰ)
6. ਐਮ.ਆਈ.ਐਸ. ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

ਜੇ. 9/1/19
ਡਿਪਟੀ ਡਾਇਰੈਕਟਰ (ਅਮਲਾ)